2023 ਦਾ ਐਕਟ ਨੰ...12-ਪੀ.ਐੱਸ. ਦੇ

## ਸਿੱਖ ਗੁਰਦੁਆਰਾ ਐਕਟ, 1925 ਵਿੱਚ ਹੋਰ ਸੋਧ ਕਰਨ ਲਈ

## ਇੱਕ ਐਕਟ

ਇਹ ਭਾਰਤੀ ਗਣਰਾਜ ਦੇ 74ਵੇਂ ਸਾਲ ਵਿੱਚ ਪੰਜਾਬ ਰਾਜ ਦੀ ਵਿਧਾਨ ਸਭਾ ਦੁਆਰਾ ਹੇਠ ਲਿਖੇ ਅਨੁਸਾਰ ਲਾਗੂ ਕੀਤਾ ਜਾਵੇਗਾ :-

*ਸੰਖੇਪ ਸਿਰਲੇਖ ਅਤੇ ਅਰੰਭ।*

1. (1) ਇਸ ਐਕਟ ਨੂੰ ਸਿੱਖ ਗੁਰਦੁਆਰਾ (ਸੋਧ) ਐਕਟ, 2023 ਕਿਹਾ ਜਾਵੇਗਾ।
(2) ਇਹ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਿਤ ਹੋਣ ਦੀ ਮਿਤੀ ਤੋਂ ਲਾਗੂ ਹੋਵੇਗਾ।

*1925 ਦੇ ਪੰਜਾਬ ਐਕਟ VIII ਵਿੱਚ ਨਵੀਂ ਧਾਰਾ 125-ਏ ਦਾ ਸ਼ਾਮਲ ਕੀਤਾ ਜਾਣਾ*

2. ਸਿੱਖ ਗੁਰਦੁਆਰਾ ਐਕਟ, 1925 ਵਿਚ ਧਾਰਾ 125 ਤੋਂ ਬਾਅਦ, ਹੇਠ ਲਿਖੀ ਧਾਰਾ ਸ਼ਾਮਲ ਕੀਤੀ ਜਾਵੇਗੀ, ਅਰਥਾਤ:-

*"125-ਏ (1) ਪਵਿੱਤਰ ਗੁਰਬਾਣੀ ਦਾ ਮੁਫ਼ਤ ਸਿੱਧਾ ਪ੍ਰਸਾਰਣ*

ਬੋਰਡ ਦਾ ਇਹ ਫਰਜ਼ ਹੋਵੇਗਾ ਕਿ ਉਹ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦਾ ਸਿੱਧਾ ਪ੍ਰਸਾਰਣ ਨਿਰਵਿਘਨ ਪਵਿੱਤਰ ਗੁਰਬਾਣੀ ਦਾ ਮੁਫਤ ਪ੍ਰਚਾਰ (ਬਿਨਾਂ ਸਕ੍ਰੀਨ ਤੇ ਚੱਲ ਰਹੇ ਇਸ਼ਤਿਹਾਰਾਂ ਜਾਂ ਕਮਰਸ਼ੀਅਲ ਜਾਂ ਵਿਘਨ ਦੇ) ਸ੍ਰੀ ਹਰਿਮੰਦਰ ਸਾਹਿਬ ਤੋਂ ਪਵਿੱਤਰ ਗੁਰਬਾਣੀ ਦੀ ਲਾਈਵ ਫੀਡ (ਆਡੀਓ ਜਾਂ ਆਡੀਓ ਅਤੇ ਵੀਡੀਓ) ਸਾਰੇ ਮੀਡੀਆ ਹਾਊਸਾਂ, ਆਉਟਲੈਟਾਂ, ਪਲੇਟਫਾਰਮਾਂ, ਚੈਨਲਾਂ ਆਦਿ, ਜੋ ਕੋਈ ਵੀ ਇਸ ਨੂੰ ਕਿਤੇ ਵੀ (ਸਾਰੀ ਦੁਨੀਆ ਸਮੇਤ) ਪ੍ਰਸਾਰਣ ਲਈ ਪ੍ਰਸਾਰਿਤ ਕਰਨਾ ਚਾਹੁੰਦਾ ਹੈ, ਲਈ ਮੁਫਤ ਉਪਲੱਬਧ ਕਰਵਾਏ।

(2) ਸ੍ਰੀ ਹਰਿਮੰਦਰ ਸਾਹਿਬ ਤੋਂ ਪਵਿੱਤਰ ਗੁਰਬਾਣੀ ਦਾ ਪ੍ਰਸਾਰਣ ਕਰਨ ਵਾਲਾ ਕੋਈ ਵੀ ਵਿਅਕਤੀ ਗੁਰਬਾਣੀ ਦਾ ਪ੍ਰਸਾਰਣ ਸ਼ੁਰੂ ਹੋਣ ਤੋਂ ਘੱਟੋ-ਘੱਟ ਤੀਹ ਮਿੰਟ ਪਹਿਲਾਂ ਅਤੇ ਗੁਰਬਾਣੀ ਦਾ ਪ੍ਰਸਾਰਣ ਸਮਾਪਤ ਹੋਣ ਤੋਂ ਤੀਹ ਮਿੰਟ ਬਾਅਦ ਕੋਈ ਇਸ਼ਤਿਹਾਰ ਨਹੀਂ ਚਲਾਵੇਗਾ।

# ਮੰਤਵਾਂ ਅਤੇ ਕਾਰਨਾਂ ਦੀ ਵਿਆਖਿਆ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਿੱਖ ਗੁਰੂਆਂ ਅਤੇ ਸੰਤਾਂ ਦੀ ਬਾਣੀ ਦਰਜ ਹੈ। ਇਹ ਬਹੁਤ ਲਾਹੇਵੰਦ ਹੋਵੇਗਾ ਹੈ ਕਿ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਵਿਸ਼ਵ ਭਰ ਵਿੱਚ ਕੀਤਾ ਜਾਵੇ। ਇਸ ਲਈ ਇਹ ਜ਼ਰੂਰੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ) ਗੁਰਬਾਣੀ ਨੂੰ ਸਮੁੱਚੀ ਮਾਨਵਤਾ ਲਈ ਮੁਫਤ ਉਪਲਬਧ ਕਰਵਾਏ ਅਤੇ ਗੁਰਬਾਣੀ ਦੇ ਪ੍ਰਚਾਰ-ਪ੍ਰਸਾਰ ਦਾ ਕਿਸੇ ਵੀ ਤਰ੍ਹਾਂ ਵਪਾਰੀਕਰਨ ਨਾ ਹੋਣ ਨੂੰ ਯਕੀਨੀ ਬਣਾਵੇ।

ਭਗਵੰਤ ਮਾਨ,
ਮੁੱਖ ਮੰਤਰੀ, ਪੰਜਾਬ।

---

ਚੰਡੀਗੜ੍ਹ:
20 ਜੂਨ, 2023

ਰਾਮ ਲੋਕ ਖਤਾਨਾ
ਸਕੱਤਰ,

---

ਐਨ.ਬੀ.- ਉਪਰੋਕਤ ਬਿੱਲ 20 ਜੂਨ, 2023 ਨੂੰ ਪੰਜਾਬ ਸਰਕਾਰ ਦੇ ਗਜ਼ਟ (ਅਸਾਧਾਰਨ) ਵਿੱਚ ਪ੍ਰਕਾਸ਼ਿਤ ਕੀਤਾ ਗਿਆ ਸੀ, ਜਿਸ ਨੂੰ ਪੰਜਾਬ ਵਿਧਾਨ ਸਭਾ ਵਿੱਚ ਕਾਰਜ-ਪ੍ਰਣਾਲੀ ਅਤੇ ਕਾਰੋਬਾਰ ਦੇ ਨਿਯਮਾਂ ਦੇ ਨਿਯਮ 121 ਦੇ ਉਪਬੰਧ ਦੇ ਤਹਿਤ ਪ੍ਰਕਾਸ਼ਿਤ ਕੀਤਾ ਗਿਆ ਸੀ।